ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) ਪੰਜਾਬ, ਕੰਪਲੈਕਸ, ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-ਈ, ਫੇਜ-8, ਐਸ.ਏ.ਐਸ. ਨਗਰ।(ਸੇਵਾਵਾਂ ਸ਼ਾਖਾ)E mail : dpiee.service@punjabeducation.gov.in

ਸੇਵਾ ਵਿਖੇ

ਸਮੂਹ ਜਿਲਾ ਸਿੱਖਿਆ ਅਫਸਰ (ਐਸਿ),
ਪੰਜਾਬ ਰਾਜ।

ਮੀਮੋ ਨੰ: 6/5-2018 ਸੇਪ੍ (2)
ਮਿਤੀ, ਐਸ.ਏ.ਐਸ. ਨਗਰ : 15/01/19

ਵਿਸ਼ਾ: **ਜਿਲ੍ਹਾ ਪ੍ਰੀਸ਼ਦ ਤੋਂ ਸਿੱਖਿਆ ਵਿਭਾਗ ਵਿੱਚ ਹਾਜਰ ਹੋਏ ਈ.ਟੀ.ਟੀ. ਅਧਿਆਪਕਾਂ ਨੂੰ ਸਾਲ 2011 ਤੋਂ ਵਿਭਾਗ ਵਿੱਚ ਹਾਜਰ ਹੋਣ ਦੀ ਮਿਤੀ ਤੇ ਸੀਨੀਆਰਤਾ ਦੇਣ ਸਬੰਧੀ।**

ਸਾਲ 2006 ਵਿੱਚ 5752 ਸਰਕਾਰੀ ਐਲੀਮੈਂਟਰੀ ਸਕੂਲ ਸਮੇਤ 13052 ਐਲੀਮੈਂਟਰੀ ਟੀਚਰਾਂ ਦੀਆਂ ਆਸਾਮੀਆਂ ਸਿੱਖਿਆ ਵਿਭਾਗ ਤੋਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਿਖੇ ਸਿਫਟ ਕੀਤੇ ਗਏ ਸਨ। ਇਨ੍ਹਾਂ ਆਸਾਮੀਆਂ ਵਿਰੁੱਧ ਉਕਤ ਵਿਭਾਗ ਵੱਲੋਂ ਸਾਲ 2006 ਅਤੇ 2007 ਵਿੱਚ ਨਵੇਂ ਰੂਲ Punjab Panchayati Raj Primary Teacher (Recruitment and Conditions of Service) 2006 ਨੋਟੀਫਾਈ ਕਰਨ ਉਪਰੰਤ ਭਰੀਆਂ ਗਈਆਂ ਸਨ। ਇਨ੍ਹਾਂ ਸੇਵਾ ਨਿਯਮਾਂ ਵਿੱਚ ਭਰਤੀ ਕੀਤੇ ਜਾਣ ਵਾਲੇ ਉਮੀਦਵਾਰਾਂ ਲਈ ਵਿਦਿਅਕ ਯੋਗਤਾਵਾਂ ਅਤੇ ਹੋਰ ਲੋੜੀਂਦੀਆਂ ਯੋਗਤਾਵਾਂ ਨਿਰਧਾਰਤ ਕੀਤੀਆਂ ਗਈਆਂ ਸਨ।

ਇਨ੍ਹਾਂ ਜਿਲ੍ਹਾ ਪ੍ਰੀਸ਼ਦਾਂ ਅਤੇ ਸਥਾਨਕ ਸਰਕਾਰ ਦੇ ਅਦਾਰਿਆਂ ਅਧੀਨ ਕੰਮ ਕਰਦੇ ਈ.ਟੀ.ਟੀ. ਅਧਿਆਪਕਾਂ ਵੱਲੋਂ ਸਿੱਖਿਆ ਵਿਭਾਗ ਵਿੱਚ ਮਰਜ ਕਰਨ ਲਈ ਸਰਕਾਰ ਨੂੰ ਵੱਖ ਵੱਖ ਸਮੇਂ ਤੇ ਬੇਨਤੀਆਂ ਕੀਤੀਆਂ ਗਈਆਂ। ਸਰਕਾਰ ਵੱਲੋਂ ਇਨ੍ਹਾਂ ਬੇਨਤੀਆਂ ਨੂੰ ਪ੍ਰਵਾਨ ਕਰਦੇ ਹੋਏ ਸਿੱਖਿਆ ਵਿਭਾਗ ਵੱਲੋਂ ਮਿਤੀ: 15-2-2011 ਨੂੰ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਨੰ: 10/59/07-3ਸਿੱ7/585-88 ਰਾਹੀਂ The Punjab State Education Class-III (Primary School Cadre) Service Rules, 1997 ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਗਈ:-

1(i) These rules may be called the Punjab State Education Class-III (Primary School Cadre) Service (First Amendment) Rules 2011.

(ii) They shall come into force on act with effect from the date of their publication in the Official Gazette.

2) In the Punjab State Education Class-III(Primary School Cadre) Service Rules, 1997, in Appendix 'B', against serial No. 4 under the heading captioned as 'transfer' , the following shall be inserted, namely:-

"Appointment by transter from amongst the persons, holding identical or similar posts under the State Government or any statutory body and the appointment so made shall be counted towards the percentage, specified for direct appointment".

ਉਪਰੋਕਤ ਨੋਟੀਫਿਕੇਸ਼ਨ ਅਨੁਸਾਰ ਵੱਖ ਵੱਖ ਜਿਲ੍ਹਾ ਪ੍ਰੀਸ਼ਦ ਸਕੂਲ ਅਧੀਨ ਕੰਮ ਕਰਦੇ ਈ.ਟੀ.ਟੀ. ਅਧਿਆਪਕਾਂ ਨੂੰ ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਉਸ ਜਿਲ੍ਹੇ ਵਿੱਚ ਉਪਲਬਧ ਖਾਲੀ ਈ.ਟੀ.ਟੀ ਦੀਆਂ ਅਸਾਮੀਆਂ ਵਿਰੁੱਧ ਮੈਰਿਟ ਤਿਆਰ ਕਰਕੇ ਕੌਂਸਲਿੰਗ ਉਪਰੰਤ ਸਿੱਖਿਆ ਵਿਭਾਗ ਵਿਚ ਨਿਯੁਕਤ ਕੀਤਾ ਗਿਆ। ਇਹ ਪ੍ਰੀਕ੍ਰਿਆ ਪੰਜਾਬ ਦੇ ਸਾਰੇ ਜਿਲ੍ਹਿਆਂ ਵਿੱਚ ਸਾਲ 2011 ਵਿੱਚ ਮੁਕੰਮਲ ਕੀਤੀ ਗਈ। ਇਸ ਤਰ੍ਹਾਂ ਕਾਂਉਸਲਿੰਗ ਵਿੱਚ ਹਾਜਰ ਹੋਏ ਈ.ਟੀ.ਟੀ. ਅਧਿਆਪਕਾਂ ਵੱਲੋਂ ਨਵੇਂ ਅਲਾਟ ਕੀਤੇ ਸਕੂਲ ਵਿੱਚ ਇਕ ਦਿਨ ਲਈ ਹਾਜਰੀ ਦਿੱਤੀ ਅਤੇ ਮੁੜ ਉਨ੍ਹਾਂ ਨੂੰ ਉਨ੍ਹਾਂ ਦੇ ਪੁਰਾਣੇ ਸਕੂਲਾਂ ਵਿੱਚ ਡੈਪੂਟੇਸ਼ਨ ਰਾਹੀਂ ਤਾਇਨਾਤ ਕੀਤਾ ਭਾਵ ਜਿਲਾ ਪ੍ਰੀਸ਼ਦ ਅਧੀਨ ਆਉਂਦੇ ਸਕੂਲਾਂ ਵਿੱਚ। ਕਿਉਂ ਜੋ ਇਹ ਪੁਰਾਣੇ ਸਕੂਲ ਜਿਲ੍ਹਾ ਪ੍ਰੀਸ਼ਦਾਂ ਅਧੀਨ ਚਲਦੇ ਸਨ, ਜਦ ਕਿ ਜਿਹੜੇ ਨਵੇ ਸਕੂਲਾਂ ਵਿੱਚ ਤਾਇਨਾਤੀ ਕੀਤੀ ਗਈ ਸੀ ਉਹ ਸਿੱਖਿਆ ਵਿਭਾਗ ਅਧੀਨ ਸਨ। ਜਿਲ੍ਹਾ ਪ੍ਰੀਸ਼ਦਾਂ ਦੇ ਅਧੀਨ ਚਲਦੇ ਸਕੂਲਾਂ ਨੂੰ ਆਰਜੀ ਤੌਰ ਤੇ ਚਲਾਉਣ ਹਿੱਤ, ਇਨ੍ਹਾਂ ਅਧਿਆਪਕਾਂ ਦਾ ਮੁੜ ਡੇਪੂਟੇਸ਼ਨ ਤੇ ਇਨ੍ਹਾਂ ਸਕੂਲਾਂ ਵਿੱਚ ਹੀ ਭੇਜ ਦਿਤਾ ਗਿਆ। ਇਸ ਉਪਰੰਤ ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਨੋਟੀਫਿਕੇਸਨ ਨੰ 02/305/2014/ਈ ਟੀ ਟੀ-5/9460 ਮਿਤੀ 19 ਸਤੰਬਰ 2014 ਰਾਹੀ ਉਹਨਾ ਅਧੀਨ ਚਲਦੇ 5752 ਸਰਕਾਰੀ ਐਲੀਮੈਂਟਰੀ ਸਕੂਲ ਸਮੇਤ 13052 ਐਲੀਮੈਂਟਰੀ ਟੀਚਰਾਂ ਦੀਆਂ ਆਸਾਮੀਆਂ ਸਿੱਖਿਆ ਵਿਭਾਗ ਵਿੱਚ ਸਿਫਟ ਕੀਤੇ ਗਏ ਸਨ।

ਉਕਤ ਤੋ ਇਹ ਸਪਸਟ ਹੈ ਕਿ ਜਿਲ੍ਹਾ ਪ੍ਰੀਸ਼ਦ ਅਧੀਨ ਕੰਮ ਕਰਦੇ ਇਹ ਈ ਟੀ ਟੀ ਅਧਿਆਪਕਾਂ ਨੂੰ ਸਾਲ 2011 ਵਿੱਚ ਸਿੱਖਿਆ ਵਿਭਾਗ, ਪੰਜਾਬ ਵਿੱਚ ਨਿਯੁਕਤ ਕੀਤਾ ਗਿਆ ਸੀ। ਇਸ ਲਈ ਇਨ੍ਹਾਂ ਈ ਟੀ ਟੀ ਅਧਿਆਪਕਾਂ ਜਿਨ੍ਹਾਂ ਨੇ ਸਾਲ 2011 ਸਿੱਖਿਆ ਵਿਭਾਗ, ਪੰਜਾਬ ਵਿੱਚ ਭਾਂਵੇ ਇਕ ਦਿਨ ਦੀ ਹਾਜਰੀ ਦਿੱਤੀ ਸੀ ਨੂੰ ਹਾਜਰ ਹੋਣ ਦੀ ਮਿਤੀ ਤੋ ਸੀਨੀਆਰਤਾ ਦਾ ਲਾਭ ਮਿਲਣਯੋਗ ਹੋਵੇਗਾ।

ਡਾਇਰੈਕਟਰ ~~ਸਿੱਖਿਆ~~ ਵਿਭਾਗ (ਐਸਿ),
ਪੰਜਾਬ